Weekly

# CANADA SIKH TIMES

12 - 18 January 2025

ਕੈਨੇਡਾ ਸਿੱਖ ਟਾਈਮਜ਼

Volume 3 Issue 1

• RELIGION • CULTURE • HERITAGE • BUSINESS

## Roots in Nawanshahr, Oz girl writes books for cause of poor kids, women



Ashleen Khela, 12, a writer with roots in Sajawalpur village, Nawanshahr, has been recognised as Australia's youngest female author. She first captured the heart of people with her debut book, '17 Stories' just a few months back and is now making waves again with her latest work, 'Journey Through Her Jersey'. This book aims to raise funds for UNICEF Australia to support their vital life-saving efforts worldwide. Speaking to this correspondent during her visit to the city for an event, Ashleen shared how her writing journey is deeply rooted in her commitment to social justice. "I believe in women's and underprivileged children's rights and want to highlight social justice issues through my writings," she said.

## ਭਾਰਤ ਦੇ ਵੱਖ-ਵੱਖ ਖਿਡਾਰੀ ਖੇਲ ਰਤਨ ਤੇ ਅਰਜੁਨ ਪੁਰਸਕਾਰ ਨਾਲ ਸਨਮਾਨਿਤ



ਭਾਰਤ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਨਵੀਂ ਦਿੱਲੀ ਵਿਖੇ ਖੇਡ ਪੁਰਸਕਾਰ ਵੰਡੇ ਹਨ। ਇਸਦੇ ਚੱਲਦਿਆਂ ਭਾਰਤੀ ਪੁਰਸ਼ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ, ਦੋ ਓਲੰਪਿਕ ਤਗਮੇ ਜਿੱਤਣ ਵਾਲੀ ਨਿਸ਼ਾਨੇਬਾਜ਼ ਮਨੂ ਭਾਕਰ ਤੇ ਸ਼ਤਰੰਜ ਵਿਸ਼ਵ ਚੈਂਪੀਅਨ ਡੀ. ਗੁਕੇਸ਼ ਨੂੰ ਮੇਜਰ ਧਿਆਨਚੰਦ ਖੇਡ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾ ਪੈਰਾ ਉਲੰਪਿਕ ਸੋਨ ਤਗ਼ਮਾ ਜੇਤੂ ਉੱਚੀ ਛਾਲ ਦੇ ਖਿਡਾਰੀ ਪ੍ਰਵੀਨ ਕੁਮਾਰ ਨੂੰ ਵੀ ਦੇਸ਼ ਦਾ ਸਭ ਤੋਂ ਉੱਚਾ ਖੇਡ ਰਤਨ ਸਨਮਾਨ ਦਿੱਤਾ ਗਿਆ। ਇਸ ਵਾਰ 32 ਖਿਡਾਰੀਆਂ ਨੂੰ ਅਰਜੁਨ ਪੁਰਸਕਾਰ ਵੀ ਦਿੱਤੇ ਗਏ ਜਿਨ੍ਹਾਂ 'ਚੋਂ 17 ਪੈਰਾ ਅਥਲੀਟ ਹਨ। ਅਰਜੁਨ ਪੁਰਸਕਾਰ ਹਾਸਲ ਕਰਨ ਵਾਲਿਆਂ ਵਿੱਚ ਪੁਰਸ਼ ਹਾਕੀ ਟੀਮ ਦੇ ਮੈਂਬਰ ਜਰਮਨਜੀਤ ਸਿੰਘ, ਸੁਖਜੀਤ ਸਿੰਘ, ਸੰਜੇ ਤੇ ਅਭਿਸ਼ੇਕ ਤੋਂ ਇਲਾਵਾ ਨਿਸ਼ਾਨੇਬਾਜ਼ ਸਰਬਜੋਤ ਸਿੰਘ, ਨਿਸ਼ਾਨੇਬਾਜ਼ ਸਵਪਨਿਲ ਕੁਸਾਲੇ ਤੇ ਪਹਿਲਵਾਨ ਅਮਨ ਸਹਿਰਾਵਤ ਸ਼ਾਮਲ ਹਨ।

## ਇਸਰੋ ਨੇ ਰਚਿਆ ਇਤਿਹਾਸ, ਪੁਲਾੜ 'ਚ ਉਪਗ੍ਰਹਿਆਂ ਨੂੰ ਜੋੜਨ ਵਿੱਚ ਕੀਤੀ ਸਫਲਤਾ ਪ੍ਰਾਪਤ



ਇਸਰੋ ਨੇ ਆਪਣੇ ਸਪੇਸ ਡਾਕਿੰਗ ਪ੍ਰਯੋਗ ਤਹਿਤ ਉਪਗ੍ਰਹਿਆਂ ਨੂੰ ਜੋੜਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸਰੋ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਅਤੇ ਇਸ ਨੂੰ ਇੱਕ ਇਤਿਹਾਸਕ ਪਲ ਕਿਹਾ। ਇਸ ਦੇ ਨਾਲ, ਭਾਰਤ ਅਜਿਹਾ ਕਰਨ ਵਾਲਾ ਦੁਨੀਆਂ ਦਾ ਚੌਥਾ ਦੇਸ਼ ਬਣ ਗਿਆ ਹੈ। ਇਸ ਤੋਂ ਪਹਿਲਾਂ 12 ਜਨਵਰੀ ਨੂੰ, ਡਾਕਿੰਗ ਟ੍ਰਾਇਲ ਦੌਰਾਨ, ਇਸਰੋ ਨੇ ਦੋਨਾਂ ਉਪਗ੍ਰਹਿਆਂ ਨੂੰ ਤਿੰਨ ਮੀਟਰ ਤੋਂ ਘੱਟ ਦੀ ਦੂਰੀ 'ਤੇ ਲਿਆਇਆ ਸੀ ਅਤੇ ਉਨ੍ਹਾਂ ਨੂੰ ਸੁਰੱਖਿਅਤ ਦੂਰੀ 'ਤੇ ਵਾਪਸ ਲਿਆਂਦਾ ਸੀ। ਜ਼ਿਕਰਯੋਗ ਕਿ ਇਸਰੋ ਨੇ 30 ਦਸੰਬਰ 2024 ਨੂੰ ਸਪੇਸ ਡੌਕਿੰਗ ਪ੍ਰਯੋਗ ਸ਼ੁਰੂ ਕੀਤਾ ਸੀ। ਦੋ ਛੋਟੇ ਉਪਗ੍ਰਹਿ ਐਸਡੀਐਕਸ 01 ਅਤੇ ਐਸਡੀਐਕਸ 02 ਨੂੰ ਪੀਐੱਸਐੱਲਵੀ ਸੀ60 ਰਾਕੇਟ ਦੀ ਮਦਦ ਨਾਲ ਲਾਂਚ ਕੀਤਾ ਗਿਆ। ਇਸਨੂੰ ਸ਼੍ਰੀਹਰੀਕੋਟਾ ਦੇ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਲਾਂਚ ਕੀਤਾ ਗਿਆ ਸੀ ਅਤੇ 475 ਕਿਲੋਮੀਟਰ ਦੇ ਗੋਲਾਕਾਰ ਪੰਧ ਵਿੱਚ ਰੱਖਿਆ ਗਿਆ ਸੀ।

ਇਸਰੋ ਅਨੁਸਾਰ, ਸਪੈਡੈਕਸ ਮਿਸ਼ਨ ਇੱਕ ਲਾਗਤ-ਪ੍ਰਭਾਵਸ਼ਾਲੀ ਤਕਨਾਲੋਜੀ ਮਿਸ਼ਨ ਹੈ ਜੋ ਦੁਆਰਾ ਲਾਂਚ ਕੀਤੇ ਗਏ ਦੋ ਛੋਟੇ ਪੁਲਾੜ ਯਾਨਾਂ ਦੀ ਵਰਤੋਂ ਕਰਕੇ ਪੁਲਾੜ ਵਿੱਚ ਡਾਕਿੰਗ ਦਾ ਪ੍ਰਦਰਸ਼ਨ ਕਰਦਾ ਹੈ। ਪੁਲਾੜ ਵਿੱਚ, ਡਾਕਿੰਗ ਤਕਨਾਲੋਜੀ ਜ਼ਰੂਰੀ ਹੁੰਦੀ ਹੈ ਜਦੋਂ ਇੱਕ ਮਿਸ਼ਨ ਲਈ ਕਈ ਰਾਕੇਟ ਲਾਂਚ ਕਰਨ ਦੀ ਲੋੜ ਹੁੰਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸਰੋ ਨੂੰ ਇਸਦੀ ਸਫਲਤਾ 'ਤੇ ਵਧਾਈ ਦਿੱਤੀ। ਉਨ੍ਹਾਂ ਲਿਖਿਆ ਕਿ ਸਾਡੇ ਇਸਰੋ ਵਿਗਿਆਨੀਆਂ ਅਤੇ ਪੂਰੇ ਪੁਲਾੜ ਭਾਈਚਾਰੇ ਨੂੰ ਸੈਟੇਲਾਈਟਾਂ ਦੇ ਸਪੇਸ ਡਾਕਿੰਗ ਦੇ ਸਫਲ ਪ੍ਰਦਰਸ਼ਨ ਲਈ ਵਧਾਈਆਂ। ਇਹ ਆਉਣ ਵਾਲੇ ਸਾਲਾਂ ਵਿੱਚ ਭਾਰਤ ਦੇ ਮਹੱਤਵਾਕਾਂਖੀ ਪੁਲਾੜ ਮਿਸ਼ਨਾਂ ਲਈ ਇੱਕ ਮਹੱਤਵਪੂਰਨ ਕਦਮ ਹੈ।

DESH VIDESH

# From Strokes to Stories
# The Journey of Calligraphy



- Paramdeep Kaur*

Calligraphy is the art of writing beautifully, where letters and alphabets are transformed into visually appealing designs. It enhances the written word, making simple text more captivating and expressive. This art has not only helped preserve ancient texts and legacies but has evolved over time, adapting to the changing tools and methods.

In the past, every element of calligraphy—from paper to ink—was crafted by hand. Despite the digital age where handwritten art is losing its prominence, calligraphy remains a timeless craft. It's important to keep this art alive, as it continues to inspire creativity and fosters a deeper connection with writing.




## Calligraphy and Gurmukhi Script

Among the many scripts celebrated in calligraphy, Gurmukhi stands out. Rooted in the Punjabi language and Sikh traditions, Gurmukhi calligraphy carries significant cultural and spiritual importance. It brings to life sacred hymns from Gurbani and preserves the heritage of Sikh scriptures in a unique and artistic way. By practicing Gurmukhi calligraphy, individuals connect with their roots and celebrate the aesthetic beauty of this script.

## Therapeutic and Modern Relevance

Calligraphy is not only about beauty—it also has therapeutic benefits. In today's fast-paced world, where mental health challenges like anxiety and stress are common, practicing calligraphy offers a calming and mindful experience. Writing, especially through calligraphy, can help reduce stress and encourage mental clarity.

For people of all ages, from children to adults, calligraphy is an enjoyable and creative way to engage with the art of writing. In an increasingly digital world, the physical act of creating beautiful letters on paper offers a refreshing, hands-on experience that connects us to the written word in a meaningful way.

## A Timeless Art for All

Age is no barrier when it comes to learning calligraphy. Whether you're a child exploring your creativity or an adult seeking a fulfilling hobby, calligraphy welcomes everyone. It's a craft that transcends generations, proving it's never too early or too late to pick up a pen and begin your journey with strokes of ink on paper.

Let the pen flow, and watch as each stroke of calligraphy creates a lasting impression on your heart and mind.

---

* fontsnstyle@gmail.com, Instagram: @fontsnstyle

HERITAGE

# ਕੈਨੇਡਾ ਦੇ ਉਂਟਾਰੀਓ ਸੂਬੇ ਵਿਚ ਕਰਵਾਏ ਗਏ ਬੱਚਿਆਂ ਦੇ ਵੱਖ-ਵੱਖ ਮੁਕਾਬਲੇ

ਆਓ ਬਣੀਏ ਗੁਰਸਿੱਖ ਪਿਆਰਾ ਅਦਾਰੇ ਵਲੋਂ ਕੈਨੇਡਾ ਦੇ ਉਂਟਾਰੀਓ ਸੂਬੇ ਵਿਚ 'ਵਿਰਸਾ ਸੰਭਾਲ' ਪ੍ਰੋਗਰਾਮ ਤਹਿਤ ਬੱਚਿਆਂ ਦੇ ਪ੍ਰਸ਼ਨ-ਉੱਤਰ, ਭਾਸ਼ਣ, ਚਿੱਤਰਕਾਰੀ, ਪੱਗੜੀ ਬੰਨਣ, ਅੱਖਰਕਾਰੀ ਆਦਿ ਮੁਕਾਬਲੇ ਚਿੰਗੇਕੋਜ਼ੀ ਵੈਲਨੈਸ ਸੈਂਟਰ ਵਿਖੇ 18 ਜਨਵਰੀ 2025 ਨੂੰ ਕਰਵਾਏ ਗਏ। ਛੋਟੇ ਬੱਚਿਆਂ ਦੇ ਇਹ ਮੁਕਾਬਲੇ ਆਨਲਾਈਨ ਅਤੇ ਆਫਲਾਈਨ ਦੋਵੇਂ ਰੂਪਾਂ ਵਿਚ ਕਰਵਾਏ ਗਏ। ਇਸ ਵਿਚ ਮੁਕਾਬਲੇਬਾਜ਼ਾਂ ਨੇ ਆਪਣੀ ਕਲਾ ਦੇ ਨਾਲ-ਨਾਲ ਆਪਣੀ ਪੇਸ਼ਕਾਰੀ ਰਾਹੀਂ ਜੱਜਾਂ ਨੂੰ ਹੈਰਾਨ ਕਰ ਦਿੱਤਾ। ਇਸ ਮੌਕੇ ਬੋਲਦਿਆਂ ਡਾ. ਹਰਜਿੰਦਰ ਸਿੰਘ ਜੀ ਨੇ ਦੱਸਿਆ ਕਿ ਇਹਨਾਂ ਸਰਗਰਮੀਆਂ ਨੂੰ ਕਰਵਾਉਣ ਦਾ ਅਸਲ ਮਕਸਦ ਬੱਚਿਆਂ ਨੂੰ ਕਲਾ ਨਾਲ ਜੋੜਨ ਦੇ ਨਾਲ-ਨਾਲ ਆਪਣੇ ਸੱਭਿਆਚਾਰ ਤੋਂ ਜਾਣੂੰ ਕਰਵਾਉਣਾ ਤੇ ਉਹਨਾਂ ਦੇ ਆਤਮ ਵਿਸ਼ਵਾਸ 'ਚ ਵਾਧਾ ਕਰਨਾ ਹੈ। ਮਾਂ ਬੋਲੀ ਨੂੰ ਜ਼ਿੰਦਾ ਰੱਖਣ ਦਾ ਇੱਕੋ-ਇੱਕ ਤਰੀਕਾ ਹੈ ਕਿ ਇਸਦੀ ਵਰਤੋਂ ਨੂੰ ਵਧਾਇਆ ਜਾਵੇ ਤੇ ਬੱਚਿਆਂ ਨੂੰ ਵੀ ਸਿਖਾਇਆ ਜਾਵੇ। ਇਹ ਮੁਕਾਬਲੇ ਬੱਚਿਆਂ ਲਈ ਭਾਸ਼ਣ ਤੇ ਚਿੱਤਰਕਾਰੀ ਦੇ ਰੂਪ 'ਚ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਇੱਕ ਵਧੀਆ ਸਾਧਨ ਹੈ। ਅਜਿਹੇ ਮੁਕਾਬਲੇ ਕਰਵਾ ਕੇ ਹੀ ਬੱਚਿਆਂ ਅੰਦਰ ਛੁਪੀ ਕਲਾ ਨੂੰ ਉਜਾਗਰ ਕੀਤਾ ਜਾ ਸਕਦਾ ਹੈ ਤੇ ਅਜਿਹੇ ਮੁਕਾਬਲੇ ਹੀ ਸਾਡੇ ਬੱਚਿਆਂ ਦੀ ਸਾਹਿਤਕ ਯੋਗਤਾ ਨੂੰ ਨਿਖਾਰਦੇ ਹਨ। ਅਖੀਰ ਵਿਚ ਡਾ. ਹਰਜਿੰਦਰ ਸਿੰਘ ਜੀ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਹੋਇਆਂ ਬਾਕੀਆਂ ਨੂੰ ਉਤਸ਼ਾਹ ਦਿੱਤਾ।







## ਸੋਨੀਆ ਕੌਰ ਸਿੱਧੂ ਨੇ 'ਅਰਲੀ ਲਰਨਿੰਗ ਅਤੇ ਚਾਈਲਡ ਕੇਅਰ' ਬਾਰੇ ਤਾਜ਼ਾ ਜਾਣਕਾਰੀ ਕੀਤੀ ਸਾਂਝੀ

ਜਨਵਰੀ 2025 ਤੋਂ ਉਨਟਾਰੀਓ ਵਿਚ ਆਰੰਭ ਹੋਏ 'ਅਰਲੀ ਲਰਨਿੰਗ ਐਂਡ ਚਾਈਲਡ ਕੇਅਰ' (ਈਐੱਲਸੀਸੀ) ਪ੍ਰੋਗਰਾਮ ਤਹਿਤ ਛੇ ਸਾਲ ਤੋਂ ਛੋਟੇ ਬੱਚਿਆਂ ਲਈ ਚਾਈਲਡ ਕੇਅਰ ਫੀਸ ਘਟ ਕੇ 22 ਡਾਲਰ ਪ੍ਰਤੀ ਦਿਨ ਹੋ ਜਾਏਗੀ। ਫੈਂਡਰਲ ਸਰਕਾਰ ਵੱਲੋਂ ਕੀਤੇ ਗਏ ਇਸ ਉਪਰਾਲੇ ਨਾਲ ਉਨਟਾਰੀਓ ਦੇ ਸੂਬਾਈ ਅੰਕੜਿਆਂ ਅਨੁਸਾਰ ਪਰਿਵਾਰਾਂ ਨੂੰ 300 ਮਿਲੀਅਨ ਡਾਲਰ ਦੀ ਬੱਚਤ ਹੋਵੇਗੀ। ਇਸ ਤੋਂ ਇਲਾਵਾ ਚਾਈਲਡ ਕੇਅਰ ਸੰਚਾਲਕਾਂ ਨਾਲ ਨਵੇਂ ਕੀਮਤ ਆਧਾਰਿਤ ਮਾਡਲ ਦੀ ਸ਼ੁਰੂਆਤ ਕੀਤੀ ਜਾਏਗੀ ਜਿਸ ਨੂੰ ਵਿਸਥਾਰ ਵਿਚ ਇਸ ਨਵੇਂ ਸਾਲ ਵਿਚ ਦਿੱਤਾ ਜਾਏਗਾ। ਇਸਦੇ ਬਾਰੇ ਮੈਂਬਰ ਪਾਰਲੀਮੈਂਟ ਸੋਨੀਆ ਕੌਰ ਨੇ ਕਿਹਾ, "ਸਾਡੇ ਪਰਿਵਾਰਾਂ ਤੇ ਉਨ੍ਹਾਂ ਦੇ ਬੱਚਿਆਂ ਦੀ ਖੁਸ਼ੀ-ਖੁਸ਼ਹਾਲੀ ਤੇ ਸਿਹਤ ਸੰਭਾਲ ਲਈ ਕਿਫਾਇਤੀ ਤੇ ਆਸਾਨੀ ਨਾਲ ਪਹੁੰਚ ਹੋਣੀ ਜ਼ਰੂਰੀ ਹੈ। ਸਰਕਾਰ ਵੱਲੋਂ ਚੁੱਕੇ ਗਏ ਇਨ੍ਹਾਂ ਨਵੇਂ ਕਦਮਾਂ ਨਾਲ ਪਰਿਵਾਰਾਂ ਨੂੰ ਕਾਫੀ ਵਿੱਤੀ ਰਾਹਤ ਮਿਲੇਗੀ ਅਤੇ ਇਸ ਨਾਲ ਉਨਟਾਰੀਓ ਦੇ ਹਰੇਕ ਬੱਚੇ ਨੂੰ ਜੀਵਨ ਵਿੱਚ ਅੱਗੇ ਵਧਣ ਦੇ ਵਧੀਆ ਮੌਕੇ ਮਿਲਣਗੇ।"

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਸਿੱਖ ਧਰਮ ਦੀ ਨੀਂਹ ਕਿਸਨੇ ਰੱਖੀ?**

a. ਬਾਬਾ ਬੁੱਢਾ ਜੀ
b. ਗੁਰੂ ਗੋਬਿੰਦ ਸਿੰਘ ਜੀ
c. ਗੁਰੂ ਨਾਨਕ ਸਾਹਿਬ ਜੀ
d. ਸਾਈਂ ਮੀਆਂ ਮੀਰ

**2. ਗੁਰੂ ਨਾਨਕ ਸਾਹਿਬ ਦੀ ਭੈਣ ਦਾ ਨਾਮ ਦੱਸੋ।**

a. ਬੇਬੇ ਨਾਨਕੀ ਜੀ
b. ਮਾਤਾ ਸੁੰਦਰੀ ਜੀ
c. ਮਾਤਾ ਸੁਲੱਖਣੀ ਜੀ
d. ਬੀਬੀ ਅਮਰੋ ਜੀ

**3. ਗੁਰੂ ਨਾਨਕ ਸਾਹਿਬ ਨੇ ਕਿੰਨੀਆਂ ਉਦਾਸੀਆਂ (ਯਾਤਰਾਵਾਂ) ਕੀਤੀਆਂ?**

a. ਪੰਜ
b. ਅੱਠ
c. ਦੋ
d. ਚਾਰ

**4. ਭਾਈ ਲਹਿਣਾ ਜੀ ਕੌਣ ਸਨ?**

a. ਗੁਰੂ ਅੰਗਦ ਸਾਹਿਬ ਜੀ
b. ਗੁਰੂ ਅਮਰਦਾਸ ਜੀ
c. ਗੁਰੂ ਹਰਿਕ੍ਰਿਸ਼ਨ ਸਾਹਿਬ ਜੀ
d. ਗੁਰੂ ਅਰਜਨ ਸਾਹਿਬ ਜੀ

(ਦੇਖੋ ਉੱਤਰ ਪੰਨਾ 4 'ਤੇ)

# Wisdom Enthroned

## Embracing Guru Granth Sahib

by Inni Kaur





Sikhi weaves a thread that resonates with my deepest yearnings in the vast tapestry of human existence. At its heart stands the Guru Granth Sahib, often called the "holy scripture" of the Sikhs. Yet, this title barely scratches the surface of my profound connection with this foundational cornerstone. As I embark on a journey into the heart of Sikh wisdom, I am beckoned to delve into the sacred dimensions of the Guru Granth Sahib, where nature, introspection, and contemplation seamlessly merge.

Within the ethos of Sikhi, devotion finds expression distinct from other traditions. Idols fade, leaving space for an intimate communion with a singular cosmic force. As the sun kisses the earth each morning, I embrace devotion, a choreography of the spirit. This reverence extends to the ten Gurus, each a bearer of divine wisdom. Yet, the Gurus transcend individuality; they are threads woven into the fabric of a singular tapestry. A succession of Gurus becomes an eternal river, a flow of consciousness merging seamlessly into the next, echoing the rhythm of nature's streams and winds.

The Guru Granth Sahib emerges from this stream, a symphony of voices echoing across centuries. Like leaves gently rustling in the wind, each Guru's contribution pirouettes upon its pages. The resonance of their collective wisdom ripples through time, caressing my heart like a whisper from the cosmos. It is a living embodiment of the sacred interconnectedness that pulses within nature's veins.

The echo extends beyond the Gurus, reaching out to touch the devoted hearts of bhagats (devoted beings) and ballad singers alike. These diverse contributions, retroactively woven into the fabric, signify Sikhi's intrinsic embrace of diversity. The Guru Granth Sahib thus emerges as a chalice into which humanity's varied streams pour, converging into a harmonious river of wisdom. (Continued)


## WORLD PREMIERE

Season 34 Episode 13




Please watch Aao Baniye Gursikh Pyara Quiz show on Chardikla Time TV every Sunday in India at 10.30AM. In USA and Canada 2.30PM (Est) In Australia 3 PM (MELBOURNE).In UK 7.30PM (GMT).

SPONSORED by SIMCO HAIR FIXER
Supported by Wybor TV
Download our App.
aaobaniyegursikhpyara
500+ episodes available on YouTube


## SIKH MATRIMONIALS

Required Canadian Born Sikh match for Canadian Gursikh girl 29/5'5" in Govt job at Ottawa. Parents in Canada from 34 years, no cast bar, Boy should be Turbaned ND/NT. Contact +1613 330 6319.

Gursikh girl 26/5'/ Philosophy (H) DU, Diploma George Brown College, Toronto/ Working /Family got PR in 2022 settled Vancouver/ Contact+91 9810196404

Required Canadian Born Sikh match for Gursikh girl 29/5'4" in Govt job at Ottwa. No cast bar, Boy should be Turbaned ND/NT. Contact +1613 330 6319.

Gursikh boy29/5'10"/BTech/Working in Canada as Project Manager in MNC/Father retired from Air India/ Contact +1 905 782 3495

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. A 3. D 4. A

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)


email: canadasikhtimes@gmail.com, M: +1 437 673 7555